NO. 000146

www.punjabiforias.com

01/89/AMA(O)

# PUNJABI
## Paper I
## (Literature)

Time Allowed: Three Hours

Maximum Marks: 300

---

## INSTRUCTIONS

Candidates should attempt questions 1 and 5 which are compulsory; and any THREE of the remaining questions selecting at least ONE question from each Section.

All questions carry equal marks.

Answers must be written in Punjabi (Gurmukhi Script)

---

## Section A

1. ਪੰਜਾਬੀ ਬੋਲੀ ਦੇ ਜਨਮ ਸੰਬੰਧੀ ਭਾਸ਼ਾ ਵਿਗਿਆਨੀਆਂ ਦੇ ਵੱਖੋ-ਵੱਖਰੇ ਮਤ ਹਨ। ਇਨ੍ਹਾਂ ਮਤਾਂ ਦਾ ਵਿਸ਼ਲੇਸ਼ਣ ਕਰਦੇ ਹੋਏ, ਦੱਸੋ ਕਿ ਤੁਸੀਂ ਕਿਸ ਮਤ ਨਾਲ ਸਹਿਮਤ ਹੋ ਤੇ ਕਿਉਂ ?
2. ਸ਼ਬਦ ਰਚਨਾ ਵਿੱਚ 'ਅਗੇਤਰ' ਤੇ 'ਪਿਛੇਤਰ' ਦਾ 'ਧਾਤੂ' ਨਾਲ ਕੀ ਸੰਬੰਧ ਹੁੰਦਾ ਹੈ ? ਪੰਜਾਬੀ ਸ਼ਬਦ ਰਚਨਾ ਵਿੱਚ ਇਨ੍ਹਾਂ ਦੀ ਭਾਸ਼ਾਗਤ ਭੂਮਿਕਾ ਬਾਰੇ ਚਰਚਾ ਪੇਸ਼ ਕਰੋ।
3. ਬੋਲੀ ਤੇ ਲਿਪੀ ਦੇ ਸਰੂਪ ਅਤੇ ਪਰਸਪਰ ਸੰਬੰਧ ਬਾਰੇ ਚਰਚਾ ਕਰਦੇ ਹੋਏ ਦੱਸੋ ਕਿ ਪੰਜਾਬੀ ਬੋਲੀ ਲਈ ਗੁਰਮੁਖੀ ਲਿਪੀ ਹੀ ਕਿਉਂ ਵਧੇਰੇ ਢੁੱਕਵੀਂ ਹੈ ?
4. ਪੰਜਾਬੀ ਕਿੱਸਾ ਤੇ ਵਾਰ ਸਾਹਿਤ ਦੀ ਭਿੰਨਤਾ ਬਾਰੇ ਚਰਚਾ ਕਰਦੇ ਹੋਏ ਮੱਧਕਾਲੀ ਪੰਜਾਬੀ ਸਾਹਿਤ ਵਿੱਚ ਇਨ੍ਹਾਂ ਦੇ ਵਿਕਾਸ ਦੀ ਰੂਪ-ਰੇਖਾ ਉਲੀਕੋ।

punjabiforias.com by Satinder Sir

## Section B

5. ਅੰਮ੍ਰਿਤਾ ਪ੍ਰੀਤਮ ਤੇ ਮੋਹਨ ਸਿੰਘ ਦੋਵੇਂ ਮੂਲ ਰੂਪ ਵਿੱਚ ਰੋਮਾਂਟਿਕ ਕਵੀ ਹਨ, ਪਰ ਇਨ੍ਹਾਂ ਨੇ ਪ੍ਰਗਤੀਵਾਦੀ ਕਵਿਤਾ ਦੀ ਰਚਨਾ ਵੀ ਕੀਤੀ ਹੈ। ਕੁਝ ਵਿਦਵਾਨ ਇਨ੍ਹਾਂ ਦੀ ਪ੍ਰਗਤੀਵਾਦੀ ਕਵਿਤਾ ਨੂੰ ਵੀ ਰੁਮਾਂਟਿਕ ਹੀ ਮੰਨਦੇ ਹਨ। ਤੁਹਾਡਾ ਇਸ ਦੇ ਬਾਰੇ ਕੀ ਵਿਚਾਰ ਹੈ ?
6. ਕਿਸੇ ਕੌਮ ਦਾ ਲੋਕ-ਕਾਵਿ ਇੱਕ ਅਜਿਹਾ ਮਹਾਂਕਾਵਿ ਹੁੰਦਾ ਹੈ, ਜਿਸ ਦੀਆਂ ਕਾਵਿ ਰੂੜ੍ਹੀਆਂ (motifs) ਅੱਗੇ ਜਾ ਕੇ ਵਿਸ਼ਿਸ਼ਟ ਮਹਾਂਕਾਵਿ ਰਚਨਾਵਾਂ ਵਿੱਚ ਦੁਹਰਾਈਆਂ ਜਾਂਦੀਆਂ ਹਨ। ਆਪਣੇ ਸਿਲੇਬਸ ਦੇ ਆਧਾਰ 'ਤੇ ਇਸ ਕਥਨ ਦੀ ਸੱਚਾਈ ਦੀ ਪਰਖ ਕਰੋ।
7. ਆਪਣੇ ਸਿਲੇਬਸ ਵਿਚਲੇ ਲੇਖਕਾਂ ਦੀਆਂ ਰਚਨਾਵਾਂ ਵਿੱਚੋਂ ਉਦਾਹਰਣ ਦੇ ਕੇ ਪੰਜਾਬੀ ਨਾਵਲ ਤੇ ਨਿੱਕੀ ਕਹਾਣੀ ਦੀ ਸਾਹਿਤਿਕ ਦ੍ਰਿਸ਼ਟੀ ਤੋਂ ਤੁਲਨਾ ਪੇਸ਼ ਕਰੋ।
8. ਇਹ ਸੱਚ ਹੈ ਕਿ ਆਧੁਨਿਕ ਪੰਜਾਬੀ ਸਾਹਿਤ ਅੰਗਰੇਜ਼ੀ (ਪੱਛਮੀ) ਸਾਹਿਤ ਤੋਂ ਪ੍ਰਭਾਵਿਤ ਹੈ। ਪੰਜਾਬੀ ਸਾਹਿਤ ਦੀਆਂ ਆਧੁਨਿਕ ਪ੍ਰਵਿਰਤੀਆਂ ਦੇ ਆਧਾਰ 'ਤੇ ਇਸ ਕਥਨ ਦੀ ਪੁਸ਼ਟੀ ਕਰੋ।